# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ. 24210 /ਸੀ.ਓ.ਈ.

ਮਿਤੀ 15.11.2024

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ

1. ਨਵੰਬਰ/ਦਸੰਬਰ 2024 ਦੀਆਂ ਪ੍ਰੀਖਿਆਵਾਂ ਲਈ NEP ਅਧੀਨ ਅਤੇ NEP ਦੀ ਤਰਜ਼ ਤੇ ਹੋਣ ਵਾਲੇ ਦੋ/ਤਿੰਨ ਕਰੈਡਿਟ ਦੇ 19 ਨਵੰਬਰ 2024 ਤੋਂ ਸ਼ੁਰੂ ਹੋਣ ਵਾਲੇ ਪੇਪਰਾਂ ਵਿੱਚ ਹਾਜ਼ਰ ਹੋਏ ਵਿਦਿਆਰਥੀਆਂ ਦੀ ਇੰਟਰਨਲ ਅਸੈਸਮੈਂਟ ਦੀ ਅਵਾਰਡ ਅਤੇ ਇਨ੍ਹਾਂ ਪੇਪਰਾਂ ਦੇ ਮੁਲਾਂਕਣ ਦੀ ਅਵਾਰਡ ਇੱਕ ਸ਼ਡਿਊਲ ਅਨੁਸਾਰ ਪੋਰਟਲ ਉਪਰ ਬਾਅਦ ਵਿੱਚ ਇਕੱਠੇ ਹੀ ਅਪਲੋਡ ਕੀਤੀ ਜਾ ਸਕਦੀ ਹੈ।

2. ਯੂਨੀਵਰਸਿਟੀ ਵਲੋਂ ਕਰਵਾਈਆਂ ਜਾਣ ਵਾਲੀਆਂ ਪ੍ਰੀਖਿਆਵਾਂ ਦੌਰਾਨ ਜੋ ਕੰਟਰੋਲਰ (ਪ੍ਰੀਖਿਆਵਾਂ) ਦੀ ਮੋਹਰ ਉੱਤਰ-ਕਾਪੀਆਂ ਉਪਰ ਲਗਾਈ ਜਾਂਦੀ ਹੈ, ਇਹ ਮੋਹਰ ਉਪਰੋਕਤ ਦੋ/ਤਿੰਨ ਕਰੈਡਿਟ ਦੇ ਪੇਪਰਾਂ ਲਈ ਉਪੱਲਬਧ ਨਹੀਂ ਕਰਵਾਈ ਜਾਵੇਗੀ। ਇਨ੍ਹਾਂ ਪੇਪਰਾਂ ਵਿੱਚ ਕਾਲਜ/ਪ੍ਰਿੰਸੀਪਲ/ਮੁਖੀ/ਇੰਚਾਰਜ/ਕੋਆਰਡੀਨੇਟਰ ਸਾਹਿਬਾਨ ਦੀ ਮੋਹਰ ਵਰਤੋਂ ਵਿੱਚ ਲਿਆਂਦੀ ਜਾ ਸਕਦੀ ਹੈ। ਕੰਟਰੋਲਰ (ਪ੍ਰੀਖਿਆਵਾਂ) ਦੀ ਮੋਹਰ ਬਾਕੀ ਸਾਰੇ ਪੇਪਰਾਂ ਲਈ ਕੰਡਕਟ ਬ੍ਰਾਂਚ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

3. ਉਪਰੋਕਤ ਪੇਪਰਾਂ ਦੀ ਅਤੇ ਇੰਟਰਨਲ ਐਵਾਰਡ ਅਪਲੋਡ ਕਰਨ ਲਈ ਪੋਰਟਲ ਖੁਲਵਾਉਣ ਉਪਰੰਤ ਵੱਖਰੇ ਤੌਰ ਤੇ ਸ਼ਡਿਊਲ ਆਪ ਜੀ ਨੂੰ ਸੂਚਿਤ ਕਰ ਦਿੱਤਾ ਜਾਵੇਗਾ ਅਤੇ ਆਪ ਜੀ ਵਲੋਂ ਇਸ ਸ਼ਡਿਊਲ ਮੁਤਾਬਿਕ ਹੀ ਇੰਟਰਨਲ ਅਸੈਸਮੈਂਟ ਦੀ ਅਵਾਰਡ ਅਤੇ ਉਪਰੋਕਤ ਪੇਪਰਾਂ ਦੀ ਅਵਾਰਡ ਅਪਲੋਡ ਕੀਤੀ ਜਾਵੇ।

4. (a) NEP ਅਧੀਨ ਅਤੇ NEP ਦੀ ਤਰਜ਼ ਤੇ ਸ਼ੁਰੂ ਕੀਤੇ ਕੋਰਸਾਂ ਦੀ ਪੰਜਾਬੀ ਵਿਸ਼ੇ ਦੀ ਪ੍ਰੀਖਿਆ ਯੂਨੀਵਰਸਿਟੀ ਵੱਲੋਂ ਕੰਡਕਟ ਕਰਵਾਈਆਂ ਜਾਣੀਆਂ ਹਨ ਅਤੇ ਇਨ੍ਹਾਂ ਪਰਚਿਆਂ ਦੀਆ ਪ੍ਰੀਖਿਆਵਾਂ ਕੇਵਲ ਯੂਨੀਵਰਸਿਟੀ ਵੱਲੋਂ ਸਥਾਪਤ ਪ੍ਰੀਖਿਆ ਕੇਂਦਰਾਂ ਤੇ ਜਾਰੀ ਕੀਤੀ ਡੇਟ-ਸ਼ੀਟ ਅਨੁਸਾਰ ਹੀ ਹੋਣਗੀਆਂ।

(b) ਪੰਜਾਬੀ ਵਿਸ਼ੇ ਦੀ ਪ੍ਰੀਖਿਆ ਵਾਲੇ ਦਿਨ ਸਬੰਧਿਤ ਕਾਲਜ ਦੇ ਪ੍ਰਿੰਸੀਪਲ ਵੱਲੋਂ ਆਪਣੇ ਕਾਲਜ ਦਾ ਇੱਕ ਅਧਿਆਪਕ/ਕਰਮਚਾਰੀ ਸਬੰਧਿਤ ਪ੍ਰੀਖਿਆ ਕੇਂਦਰ ਤੇ ਭੇਜੇਗਾ ਅਤੇ ਉਹ ਪ੍ਰੀਖਿਆ ਖਤਮ ਹੋਣ ਉਪਰੰਤ ਆਪਣੇ ਕਾਲਜ ਦੇ ਵਿਦਿਆਰਥੀਆਂ ਦੀਆਂ ਉੱਤਰ-ਕਾਪੀਆਂ ਗਿਣ ਕੇ ਉਨ੍ਹਾਂ ਦਾ ਪੈਕਟ/ਮੀਮੋ ਕੇਂਦਰ ਸੁਪਰਡੈਂਟ ਪਾਸੋਂ ਪ੍ਰਾਪਤ ਕਰਕੇ ਆਪਣੇ ਕਾਲਜ ਵਿਖੇ ਲੈ ਕੇ ਜਾਵੇਗਾ।

(c) ਇਨ੍ਹਾਂ ਪਰਚਿਆਂ ਦੀਆਂ ਉੱਤਰ-ਕਾਪੀਆਂ ਦਾ ਮੁਲਾਂਕਣ, ਸਬੰਧਿਤ ਕਾਲਜ ਵੱਲੋਂ ਆਪਣੇ ਪੱਧਰ ਤੇ ਹੀ ਕੀਤਾ ਜਾਵੇਗਾ ਅਤੇ ਮੁਲਾਂਕਣ ਕਰਨ ਉਪਰੰਤ ਅੰਕ ਸੂਚੀਆਂ ਆਨਲਾਈਨ ਪੋਰਟਲ ਉੱਪਰ ਮਿੱਥੇ ਸ਼ਡਿਊਲ ਅਨੁਸਾਰ ਅਪਲੋਡ ਕਰਨਗੇ।

(d) ਅਵਾਰਡ ਲਿਸਟਾਂ ਅਪਲੋਡ ਕਰਨ ਉਪਰੰਤ ਉਨ੍ਹਾਂ ਦੀਆਂ ਦੋ ਹਾਰਡ ਕਾਪੀਆਂ ਸਬੰਧਿਤ ਮੁਖੀ/ਇੰਚਾਰਜ਼/ਕੋ-ਕੋਆਰਡੀਨੇਟਰ/ਪ੍ਰਿੰਸੀਪਲ ਪਾਸੋਂ ਤਸਦੀਕ ਕਰਵਾਈਆਂ ਜਾਣ। ਅਵਾਰਡ ਲਿਸਟਾਂ ਦੀ ਇੱਕ ਕਾਪੀ ਉੱਤਰ-ਕਾਪੀਆਂ ਦੇ ਪੈਕਟ ਅੰਦਰ ਪਾ ਦਿੱਤੀ ਜਾਵੇ ਅਤੇ ਵਾਪਿਸ ਉਸੇ ਪ੍ਰੀਖਿਆ ਕੇਂਦਰ ਦੇ ਸੁਪਰਡੈਂਟ ਕੋਲ ਜਮ੍ਹਾਂ ਕਰਵਾਈ ਜਾਵੇ, ਜਿੱਥੋਂ ਇਹ ਉੱਤਰ-ਕਾਪੀਆਂ ਪ੍ਰਾਪਤ ਕੀਤੀਆਂ ਸਨ, ਤਾਂ ਜੋ ਰਿਕਾਰਡ ਅਤੇ ਹੋਰ ਲੋੜੀਂਦੀ ਕਾਰਵਾਈ ਲਈ ਇਹ ਯੂਨੀਵਰਸਿਟੀ ਵਿਖੇ ਪਹੁੰਚ ਸਕਣ। ਦੂਸਰੀ ਕਾਪੀ ਸਕੈਨ ਕਰਨ ਉਪਰੰਤ ਕੰਟਰੋਲਰ (ਪ੍ਰੀਖਿਆਵਾਂ) ਨੂੰ pupawards@pbi.ac.in ਉੱਪਰ ਸਬੰਧਿਤ ਪੇਪਰ ਹੋਣ ਤੋਂ 20 ਦਿਨਾਂ ਦੇ ਅੰਦਰ ਹੀ ਈਮੇਲ ਕਰਨੀ ਯਕੀਨੀ ਬਣਾਈ ਜਾਵੇ। ਇਹ ਦੂਜੀ ਕਾਪੀ ਪ੍ਰੀਖਿਆ ਸ਼ਾਖਾ ਦੇ ਅਵਾਰਡ ਸੈਕਸ਼ਨ (ਸੀਕਰੇਸੀ) ਵਿੱਚ ਜਮ੍ਹਾਂ ਕਰਵਾਈ ਜਾਵੇ।

5. ਦੋ/ਤਿੰਨ ਕਰੈਡਿਟ ਵਾਲੇ ਪੇਪਰਾਂ ਲਈ ਜੇਕਰ ਕਿਸੇ ਕਾਲਜ/ਵਿਭਾਗ ਕੋਲ ਯੂਨੀਵਰਸਿਟੀ ਦੀਆਂ ਪੁਰਾਣੀਆਂ ਅੱਠ ਪੰਨਿਆਂ ਦੀਆਂ ਉੱਤਰ-ਕਾਪੀਆਂ/ਅੱਠ ਪੰਨਿਆਂ ਦੀ ਪ੍ਰੈਕਟੀਕਲ ਪ੍ਰੀਖਿਆ ਦੀ ਉੱਤਰ-ਕਾਪੀ ਵਾਧੂ ਪਈ ਹੈ ਤਾਂ ਨਵੀਆਂ ਅੱਠ ਪੰਨਿਆਂ ਦੀਆਂ ਉੱਤਰ-ਕਾਪੀਆਂ ਤੋਂ ਪਹਿਲਾਂ ਉਨਾਂ ਪੁਰਾਣੀਆਂ ਉੱਤਰ-ਕਾਪੀਆਂ ਨੂੰ ਵਰਤ ਲਿਆ ਜਾਵੇ। ਮਈ, 2025 ਤੋਂ ਅੱਠ ਪੰਨਿਆਂ ਦੀਆਂ ਨਵੀਆਂ ਉੱਤਰ-ਕਾਪੀਆਂ ਹੀ ਵਰਤੋਂ ਵਿੱਚ ਲਿਆਂਦੀਆਂ ਜਾਣਗੀਆਂ।

Sharma 15/11/24

**ਕੰਟਰੋਲਰ (ਪ੍ਰੀਖਿਆਵਾਂ)**